# ਮਦਦ ਲੈ ਕੇ ਸਵੈ-ਇੱਛਾ ਨਾਲ ਮੌਤ

# ਚਰਚਾ ਸੰਬੰਧੀ ਦਸਤਾਵੇਜ਼ ਦਾ ਤੱਥ-ਪੱਤਰ

## ਮੁੱਖ ਸੰਦੇਸ਼

- ਹਰ ਕਿਸੇ ਨੂੰ ਆਪਣੇ ਜੀਵਨ ਬਾਰੇ ਫੈਸਲੇ ਲੈਣ ਦਾ ਅਧਿਕਾਰ ਹੈ
- ਵੈਸਟਰਨ ਆਸਟ੍ਰੇਲੀਆ ਦੀ ਸਰਕਾਰ ਅਜਿਹੇ ਕਾਨੂੰਨ ਬਣਾਉਣਾ ਚਾਹੁੰਦੀ ਹੈ ਜੋ ਕੁੱਝ ਬਾਲਗਾਂ ਨੂੰ ਅਜਿਹੀ ਪਰਿਸਥਿਤੀ ਵਿੱਚ ਆਪਣੇ ਜੀਵਨ ਦਾ ਖਾਤਮਾ ਸਮੇਂ ਤੋਂ ਪਹਿਲਾਂ ਕਰਨ ਲਈ ਡਾਕਟਰੀ ਸਹਾਇਤਾ ਦੀ ਮੰਗ ਕਰਨ ਦੀ ਇਜ਼ਾਜ਼ਤ ਦੇਣ ਜਿੱਥੇ ਉਹ ਪਹਿਲਾਂ ਤੋਂ ਹੀ ਜੀਵਨ ਦੇ ਅਖੀਰਲੇ ਪੜਾਅ ਦੇ ਕੋਲ ਹੋਣ ਅਤੇ ਬੁਰੀ ਤਰ੍ਹਾਂ ਨਾਲ ਕਸ਼ਟ ਝੱਲ ਰਹੇ ਹੋਣ
- ਇਹ ਕਾਨੂੰਨ ਬਹੁਤ ਸਖਤ ਹੋਣਗੇ
- ਮਾਹਿਰਾਂ ਦਾ ਇੱਕ ਸਮੂਹ ਸਰਕਾਰ ਨੂੰ ਇਹ ਫੈਸਲਾ ਲੈਣ ਵਿੱਚ ਮਦਦ ਦੇ ਰਿਹਾ ਹੈ ਕਿ ਕਾਨੂੰਨ ਕਿਵੇਂ ਕੰਮ ਕਰ ਸਕਦੇ ਹਨ
- ਹੁਣ ਤੁਹਾਡੇ ਤੋਂ ਇਸ ਸੰਬੰਧ ਵਿੱਚ ਤੁਹਾਡੇ ਵਿਚਾਰ ਅਤੇ ਸੁਝਾਅ ਪੁੱਛੇ ਜਾ ਰਹੇ ਹਨ

## ਮਦਦ ਲੈ ਕੇ ਸਵੈ-ਇੱਛਾ ਨਾਲ ਮੌਤ ਕੀ ਹੁੰਦੀ ਹੈ?

ਮਦਦ ਲੈ ਕੇ ਸਵੈ-ਇੱਛਾ ਨਾਲ ਮੌਤ ਦਾ ਮਤਲਬ ਇਹ ਹੈ ਕਿ ਕੁੱਝ ਬਾਲਗ ਅਜਿਹੀ ਪਰਿਸਥਿਤੀ ਵਿੱਚ ਆਪਣੇ ਜੀਵਨ ਦਾ ਖਾਤਮਾ ਕਰਨ ਲਈ ਡਾਕਟਰੀ ਸਹਾਇਤਾ ਦੀ ਮੰਗ ਕਰ ਸਕਦੇ ਹਨ ਜੇਕਰ ਉਹ ਕਿਸੇ ਅਜਿਹੇ ਰੋਗ ਜਾਂ ਬੀਮਾਰੀ ਨਾਲ ਪੀੜਤ ਹੋਣ ਜੋ ਇੰਨੀ ਗੰਭੀਰ ਹੋਵੇ ਕਿ ਉਸ ਕਰਕੇ ਉਨ੍ਹਾਂ ਦੀ ਮੌਤ ਹੋਣੀ ਨਿਸ਼ਚਿਤ ਹੋਵੇ ਅਤੇ ਉਹ ਬੁਰੀ ਤਰ੍ਹਾਂ ਕਸ਼ਟ ਝੱਲ ਰਹੇ ਹੋਣ।

## ਇਸਨਾਲ ਕਿਸਨੂੰ ਮਦਦ ਮਿਲ ਸਕਦੀ ਹੈ?

ਜੇਕਰ ਵੈਸਟਰਨ ਆਸਟ੍ਰੇਲੀਆ ਵਿੱਚ ਕਾਨੂੰਨ ਬਣਾਏ ਜਾਂਦੇ ਹਨ ਤਾਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਇਸਨਾਲ ਉਨ੍ਹਾਂ ਵੈਸਟਰਨ ਆਸਟ੍ਰੇਲੀਆਈ ਲੋਕਾਂ ਨੂੰ ਮਦਦ ਮਿਲ ਸਕਦੀ ਹੈ ਜਿਨ੍ਹਾਂ ਦੀ ਉਮਰ ਘੱਟੋ ਘੱਟ 18 ਸਾਲ ਹੋਵੇ ਅਤੇ ਜੋ ਆਪਣੇ ਫੈਸਲੇ ਆਪ ਲੈਣ ਵਿੱਚ ਸਮਰਥ ਹੋਣ। ਇਹ ਜ਼ਰੂਰੀ ਹੈ ਕਿ ਉਹ ਕਿਸੇ ਦੇ ਦਬਾਅ ਬਿਨਾਂ ਫੈਸਲੇ ਲੈਣ। ਇਹ ਜ਼ਰੂਰੀ ਹੈ ਕਿ ਉਹ ਕਿਸੇ ਅਜਿਹੇ ਰੋਗ ਜਾਂ ਬੀਮਾਰੀ ਨਾਲ ਗ੍ਰਸਤ ਹੋਣ ਜਿਸ ਨਾਲ ਉਨ੍ਹਾਂ ਦੀ ਮੌਤ ਹੋਣੀ ਨਿਸ਼ਚਿਤ ਹੋਵੇ ਅਤੇ ਜਿਸਨਾਲ ਉਹ ਬੁਰੀ ਤਰ੍ਹਾਂ ਕਸ਼ਟ ਝੱਲ ਰਹੇ ਹੋਣ।

## ਮਾਨਸਿਕ ਰੋਗ ਜਾਂ ਅਪਾਹਜਤਾ ਨਾਲ ਗ੍ਰਸਤ ਵਿਅਕਤੀ ਬਾਰੇ ਕੀ ਸ਼ਾਮਿਲ ਹੈ?

ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਵਿਅਕਤੀ ਜੋ <u>ਸਿਰਫ</u> ਮਾਨਸਿਕ ਰੋਗ ਜਾਂ ਅਪਾਹਜਤਾ ਨਾਲ ਗ੍ਰਸਤ ਹੈ, ਉਹ ਮਦਦ ਲੈ ਕੇ ਸਵੈ-ਇੱਛਾ ਨਾਲ ਮੌਤ ਦੀ ਸੇਵਾ ਪ੍ਰਾਪਤ ਨਹੀਂ ਕਰ ਸਕਦਾ ਹੈ। ਇਹ ਜ਼ਰੂਰੀ ਹੈ ਕਿ ਉਹ ਕਿਸੇ ਅਜਿਹੇ ਰੋਗ ਜਾਂ ਬੀਮਾਰੀ ਨਾਲ ਗ੍ਰਸਤ ਹੋਣ ਜਿਸਨਾਲ ਉਨ੍ਹਾਂ ਦੀ ਮੌਤ ਹੋਣੀ ਨਿਸ਼ਚਿਤ ਹੋਵੇ ਅਤੇ ਜਿਸ ਨਾਲ ਉਹ ਬੁਰੀ ਤਰ੍ਹਾਂ ਕਸ਼ਟ ਝੱਲ ਰਹੇ ਹੋਣ।

## ਫੈਸਲਾ ਕਿਵੇਂ ਲਿਆ ਜਾਵੇਗਾ? ਕੀ ਅਸੀਂ ਇਹ ਯਕੀਨੀ ਬਣਾ ਸਕਦੇ ਹਾਂ ਕਿ ਇਹ ਪ੍ਰਕ੍ਰਿਆ ਸੁਰੱਖਿਅਤ ਹੈ?

ਇਹ ਉਮੀਦ ਕੀਤੀ ਜਾਂਦੀ ਹੈ ਕਿ ਵਿਅਕਤੀ ਲਈ ਦੋ ਡਾਕਟਰਾਂ ਨਾਲ ਮੁਲਾਕਾਤ ਕਰਨੀ ਜ਼ਰੂਰੀ ਹੋਵੇਗੀ ਅਤੇ ਇਹ ਜ਼ਰੂਰੀ ਹੈ ਕਿ ਡਾਕਟਰ ਇਸ ਗੱਲ ਤੇ ਸਹਿਮਤ ਹੋਣ ਕਿ ਵਿਅਕਤੀ ਦੀ ਸਥਿਤੀ ਕਾਨੂੰਨ ਮੁਤਾਬਕ ਹੈ। ਡਾਕਟਰਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕੋਈ ਹੋਰ ਵਿਅਕਤੀ ਉਸ ਵਿਅਕਤੀ ਤੇ ਇਹ ਫੈਸਲਾ ਲੈਣ ਦਾ ਦਬਾਅ ਨਹੀਂ ਪਾ ਰਿਹਾ ਹੈ। ਕਦੇ-ਕਦਾਰ ਕਿਸੇ ਹੋਰ ਡਾਕਟਰ ਤੋਂ ਵੀ ਉਸਦੀ ਰਾਏ ਪੁੱਛੀ ਜਾਵੇਗੀ।

ਵਿਅਕਤੀ ਕੋਲ "ਨਹੀਂ" ਕਹਿਣ ਦਾ ਅਧਿਕਾਰ ਹਮੇਸ਼ਾ ਹੋਵੇਗਾ।

## ਮੈਨੂੰ ਹੋਰ ਕੀ ਜਾਣਨ ਦੀ ਲੋੜ ਹੈ?

ਇਹ ਇੱਕ ਸਾਧਾਰਨ ਤੱਥ ਪੱਤਰ ਹੈ ਅਤੇ ਇਸ ਵਿੱਚ ਮਦਦ ਲੈ ਕੇ ਸਵੈ-ਇੱਛਾ ਨਾਲ ਮੌਤ ਨਾਲ ਸੰਬੰਧਿਤ ਪੂਰੀ ਜਾਣਕਾਰੀ ਸ਼ਾਮਿਲ ਨਹੀਂ ਹੈ।

## ਮੈਨੂੰ ਵਧੇਰੀ ਜਾਣਕਾਰੀ ਕਿਥੋਂ ਮਿਲ ਸਕਦੀ ਹੈ?

ਚਰਚਾ ਸੰਬੰਧੀ ਪੂਰੇ ਦਸਤਾਵੇਜ਼ ਵਿੱਚ ਸੰਭਾਵੀ ਕਾਨੂੰਨ ਅਤੇ ਇਸ ਬਾਰੇ ਹੋਰ ਵਧੇਰੀ ਜਾਣਕਾਰੀ ਸ਼ਾਮਿਲ ਹੈ ਕਿ ਇਹ ਕਿਵੇਂ ਕੰਮ ਕਰ ਸਕਦਾ ਹੈ। ਇਸ ਵਿੱਚ ਲੋਕਾਂ ਦੁਆਰਾ ਵਿਚਾਰ ਕਰਨ ਲਈ ਸਵਾਲ ਵੀ ਸ਼ਾਮਿਲ ਹਨ।

ਚਰਚਾ ਸੰਬੰਧੀ ਪੂਰਾ ਦਸਤਾਵੇਜ਼ ਵੈੱਬਸਾਈਟ (ਵੇਰਵਾ ਹੇਠਾਂ ਦਿੱਤਾ ਗਿਆ ਹੈ) ਉੱਤੇ ਉਪਲਬਧ ਹੈ। ਇਸਦੇ ਭਾਗ ਸੁਣੇ ਜਾ ਸਕਦੇ ਹਨ ਜਾਂ ਇਨ੍ਹਾਂ ਨੂੰ ਵੈੱਬਸਾਈਟ ਉੱਤੇ ਵੇਖਿਆ ਜਾ ਸਕਦਾ ਹੈ।

## ਮੈਂ ਸਰਕਾਰ ਨੂੰ ਆਪਣੀ ਰਾਏ ਕਿਵੇਂ ਦੇ ਸਕਦਾ/ਸਕਦੀ ਹਾਂ?

ਮਾਹਿਰਾਂ ਦਾ ਸਮੂਹ ਪਰਥ ਅਤੇ WA ਦੇ ਦੇਹਾਤੀ ਖੇਤਰਾਂ ਵਿੱਚ ਬੈਠਕਾਂ ਦਾ ਆਯੋਜਨ ਕਰੇਗਾ। ਉਹ ਵਿਚਾਰਾਂ ਦਾ ਵੇਰਵਾ ਦੇਣਗੇ ਅਤੇ ਲੋਕਾਂ ਦੀ ਰਾਏ ਸੁਣਨਗੇ।

ਕ੍ਰਿਪਾ ਕਰਕੇ ਇਨ੍ਹਾਂ ਬੈਠਕਾਂ ਵਿੱਚ ਭਾਗ ਲਵੋ। ਬੈਠਕਾਂ ਦੇ ਵੇਰਵੇ ਵੈੱਬਸਾਈਟ ਉੱਤੇ ਦਿੱਤੇ ਗਏ ਹਨ।

ਤੁਸੀਂ ਸਵਾਲਾਂ ਦੇ ਜਵਾਬ ਵੈੱਬਸਾਈਟ ਉੱਤੇ, ਈਮੇਲ ਕਰਕੇ ਜਾਂ ਮਾਹਿਰਾਂ ਦੇ ਸਮੂਹ ਨੂੰ ਡਾਕ ਦੁਆਰਾ ਚਿੱਠੀ ਭੇਜਕੇ ਵੀ ਦੇ ਸਕਦੇ ਹੋ। ਤੁਹਾਡੇ ਦੁਆਰਾ ਦਿੱਤੀ ਜਾਣਕਾਰੀ ਵੈੱਬਸਾਈਟ ਉੱਤੇ ਵਿਖਾਈ ਜਾਵੇਗੀ ਬਸ਼ਰਤੇ ਕਿ ਤੁਸੀਂ ਸਾਨੂੰ ਅਜਿਹਾ ਨਾ ਕਰਨ ਲਈ ਕਹੋ।

| | |
|---|---|
| ਵੈੱਬਸਾਈਟ: | health.wa.gov.au/voluntaryassisteddying |
| ਈਮੇਲ: | VADconsultations@health.wa.gov.au |
| ਡਾਕ: | *The Ministerial Expert Panel on Voluntary Assisted Dying*<br>PO Box 8172<br>Perth Business Centre<br>Perth WA 6849 |